Punjabi - Number 18a
September 2010

# ਟੈਟਨਸ ਅਤੇ ਡਿਫਥੇਰੀਆ (Td) ਵੈਕਸੀਨ
## Tetanus and Diphtheria (Td) Vaccine

ਇਮਿਊਨਾਇਜ਼ੇਸ਼ਨ ਨੇ ਪਿਛਲੇ 50 ਸਾਲਾਂ ਵਿਚ ਕੈਨੇਡਾ ਵਿਚ ਸਿਹਤ ਦੇ ਕਿਸੇ ਵੀ ਹੋਰ ਉਪਾਅ ਨਾਲੋਂ ਵਧੇਰੇ ਜਾਨਾਂ ਬਚਾਈਆਂ ਹਨ।

### Td ਵੈਕਸੀਨ ਕੀ ਹੈ?

Td ਵੈਕਸੀਨ ਦੋ ਬੀਮਾਰੀਆਂ ਤੋਂ ਬਚਾਅ ਕਰਦਾ ਹੈ:
- ਟੈਟਨਸ
- ਗਲ਼ਘੋਟੂ ਰੋਗ (ਡਿਫਥੇਰੀਆ)

ਵੈਕਸੀਨ ਹੈਲਥ ਕੈਨੇਡਾ ਵੱਲੋਂ ਪ੍ਰਵਾਣਿਤ ਹੈ ਅਤੇ ਮੁਫਤ ਦਿੱਤਾ ਜਾਂਦਾ ਹੈ। ਐਪੁਆਇੰਟਮੈਂਟ ਬਣਾਉਂਣ ਵਾਸਤੇ ਆਪਣੇ ਸਥਾਨਕ ਪਬਲਿਕ ਹੈਲਥ ਨਰਸ ਜਾਂ ਡਾਕਟਰ ਨੂੰ ਫੋਨ ਕਰੋ।

ਬਚਪਨ ਦੇ ਸ਼ੁਰੂ 'ਚ ਟੈਟਨਸ ਅਤੇ ਡਿਫਥੇਰੀਆ ਲਈ ਇਮਿਊਨਾਇਜ਼ੇਸ਼ਨ ਆਮ ਤੌਰ 'ਤੇ ਹੋਰ ਵੈਕਸੀਨਾਂ ਜਿਵੇਂ ਪ੍ਰਟੂਸਿਸ (ਕਾਲੀ ਖਾਂਸੀ) ਅਤੇ ਪੋਲੀਓ ਦੇ ਨਾਲ ਇਕੱਠਿਆਂ ਕਰਕੇ ਦਿੱਤੀ ਜਾਂਦੀ ਹੈ। ਇਹ ਖੁਰਾਕਾਂ ਜਾਂ ਟੀਕਿਆਂ ਦੀ ਇਕ ਲੜੀ ਵਜੋਂ ਦਿੱਤੀ ਜਾਂਦੀ ਹੈ। ਬਹੁਤੇ ਬੱਚਿਆਂ ਨੂੰ ਇਹ ਛੋਟੀ ਬਾਲ ਉਮਰੇ ਅਤੇ ਰਿੜਨ ਦੀ ਉਮਰੇ ਦਿੱਤੀਆਂ ਜਾਂਦੀਆਂ ਹਨ ਅਤੇ ਇਕ ਬੂਸਟਰ ਖੁਰਾਕ ਸਕੂਲ ਦਾਖਲ ਹੋਣ ਤੇ ਉਨ੍ਹਾਂ ਨੂੰ ਗਰੇਡ 9 'ਚ ਦਿੱਤੀ ਜਾਂਦੀ ਹੈ।

ਵਧੇਰੇ ਜਾਣਕਾਰੀ ਲਈ HealthLink BC Files (ਹੈੱਲਥਲਿੰਕ ਬੀ.ਸੀ. ਫ਼ਾਈਲਾਂ) #15a ਡਿਫਥੇਰੀਆ, ਟੈਟਨਸ, ਪ੍ਰਟੂਸਿਸ, ਪੋਲੀਓ (DTaP-IPV) ਵੈਕਸੀਨ, #105 ਡਿਫਥੇਰੀਆ, ਟੈਟਨਸ, ਪ੍ਰਟੂਸਿਸ, ਹੈੱਪਾਟਾਈਟਿਸ ਬੀ, ਪੋਲੀਓ, ਅਤੇ *ਹਾਇਮੋਫਿਲਸ ਇੰਨਫਲੂਐਂਜ਼ੀ* ਟਾਈਪ ਬੀ (DTaP-IPV-Hib) ਵੈਕਸੀਨ ਅਤੇ #18c ਟੈਟਨਸ, ਡਿਫਥੇਰੀਆ, ਪ੍ਰਟੂਸਿਸ (Tdap) ਵੈਕਸੀਨ ਵੇਖੋ।

### Td ਵੈਕਸੀਨ ਕਿਸ ਨੂੰ ਲੈਣਾ ਚਾਹੀਦਾ ਹੈ?

ਵੈਕਸੀਨ 7 ਸਾਲ ਅਤੇ ਇਸ ਤੋਂ ਵੱਡੀ ਉਮਰ ਦੇ ਲੋਕਾਂ ਨੂੰ ਲਾਇਆ ਜਾ ਸਕਦਾ ਹੈ।

ਬਾਲਗਾਂ ਨੂੰ ਵੈਕਸੀਨ ਹਰੇਕ 10 ਸਾਲਾਂ ਬਾਦ ਲਵਾਉਣਾ ਚਾਹੀਦਾ ਹੈ, ਜੇਕਰ ਉਨ੍ਹਾਂ ਜ਼ਿੰਦਗੀ 'ਚ ਪਹਿਲਾਂ ਇਸ ਦੀ ਲੜੀ ਲਗਵਾਈ ਹੋਈ ਹੋਵੇ। ਇਹ ਬੂਸਟਰ ਖੁਰਾਕ ਟੈਟਨਸ ਅਤੇ ਡਿਫਥੇਰੀਆ ਤੋਂ ਵਧੇਰੇ ਚੰਗੀ ਤਰ੍ਹਾਂ ਬਚਾਅ ਕਰਨ ਵਾਸਤੇ ਇਮਿਊਨ ਸਿਸਟਮ ਨੂੰ ਤਕੜਿਆਂ ਕਰਦੀ ਜਾਂ ਬੂਸਟ ਦਿੰਦੀ ਹੈ।

ਵੈਕਸੀਨ ਤਿੰਨ ਖੁਰਾਕਾਂ ਦੀ ਲੜੀ ਵਜੋਂ ਉਨ੍ਹਾਂ ਬਾਲਗਾਂ ਨੂੰ ਵੀ ਲਾਇਆ ਜਾ ਸਕਦਾ ਹੈ ਜਿਨ੍ਹਾਂ ਦੀ ਪਹਿਲਾਂ ਇਮਿਊਨਾਇਜ਼ੇਸ਼ਨ ਨਹੀਂ ਹੋਈ ਜਾਂ ਪਹਿਲਾਂ ਹੋਈ ਇਮਿਊਨਾਇਜ਼ੇਸ਼ਨ ਦਾ ਕੋਈ ਰਿਕਾਰਡ ਨਹੀਂ ਹੈ। ਇਸ ਤੋਂ ਇਲਾਵਾ, ਵੈਕਸੀਨ ਉਨ੍ਹਾਂ ਲੋਕਾਂ ਨੂੰ ਲਾਇਆ ਜਾ ਸਕਦਾ ਹੈ ਜਿਨ੍ਹਾਂ ਨੂੰ ਕੋਈ ਗੰਭੀਰ ਫੱਟ ਜਾਂ ਜ਼ਖਮ ਲੱਗ ਗਿਆ ਹੋਵੇ ਤੇ ਜਿਨ੍ਹਾਂ ਨੂੰ ਪਹਿਲਾ ਟੈਟਨਸ ਦਾ ਵੈਕਸੀਨ 5 ਜਾਂ ਜ਼ਿਆਦਾ ਸਾਲ ਪਹਿਲਾਂ ਲਾਇਆ ਗਿਆ ਹੋਵੇ।

ਲਈਆਂ ਗਈਆਂ ਸਾਰੀਆਂ ਇਮਿਊਨਾਇਜ਼ੇਸ਼ਨਾਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ।

### Td ਵੈਕਸੀਨ ਦੇ ਫਾਇਦੇ

Td ਵੈਕਸੀਨ ਟੈਟਨਸ ਅਤੇ ਡਿਫਥੇਰੀਆ ਤੋਂ ਬਚਾਅ ਦਾ ਸਭ ਤੋਂ ਉੱਤਮ ਤਰੀਕਾ ਹੈ, ਜਿਹੜੀਆਂ ਗੰਭੀਰ ਹਨ ਅਤੇ ਕਦੀ ਕਦੀ ਜਾਨਲੇਵਾ ਬੀਮਾਰੀਆਂ ਵੀ ਹੋ ਸਕਦੀਆਂ ਹਨ।

ਜਦੋਂ ਤੁਸੀਂ ਵੈਕਸੀਨ ਲਵਾ ਲੈਂਦੇ ਹੋ ਤਾਂ ਤੁਸੀਂ ਨਾਲ ਹੀ ਦੂਜਿਆਂ ਦੇ ਬਚਾਅ ਵਿਚ ਮਦਦ ਕਰਦੇ ਹੋ।

## ਵੈਕਸੀਨ ਤੋਂ ਮਗਰੋਂ ਦੇ ਸੰਭਵ ਰੀਐਕਸ਼ਨ

ਵੈਕਸੀਨ ਬਹੁਤ ਸੁਰੱਖਿਅਤ ਹਨ। ਟੈਟਨਸ ਜਾਂ ਡਿਫਥੇਰੀਆ ਹੋ ਲੈਣ ਦੇਣ ਨਾਲੋਂ ਵੈਕਸੀਨ ਲਵਾ ਲੈਣਾ ਕਿਤੇ ਵਧੇਰੇ ਸੁਰੱਖਿਅਤ ਹੈ।

ਵੈਕਸੀਨ ਦੇ ਆਮ ਰੀਐਕਸ਼ਨਾਂ 'ਚ ਸ਼ਾਮਲ ਹੋ ਸਕਦਾ ਹੈ, ਜਿਸ ਥਾਂ ਲੋਦਾ ਲੱਗਿਆ ਹੋਵੇ ਉਥੋਂ ਦੁੱਖਣਾ, ਸੋਜ ਪੈਣਾ ਜਾਂ ਲਾਲ ਹੋਣਾ।

Acetaminophen ਜਾਂ Tylenol® ਬੁਖਾਰ ਲਈ ਅਤੇ ਦੁਖਣ ਤੋਂ ਦਿੱਤੀ ਜਾ ਸਕਦੀ ਹੈ। ASA ਜਾਂ Aspirin® ਰੇ ਸਿੰਡਰੋਮ ਦੇ ਖਤਰੇ ਕਾਰਨ 20 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

ਕੋਈ ਵੀ ਵੈਕਸੀਨ ਲੈਣ ਤੋਂ ਮਗਰੋਂ 15 ਮਿੰਟ ਕਲੀਨਿਕ ਵਿਚ ਰੁਕਣਾ ਮਹੱਤਵਪੂਰਨ ਹੈ ਕਿਉਂਕਿ ਭਾਵੇਂ ਬੇਹੱਦ ਹੀ ਘੱਟ, ਇਕ ਜਾਨ ਦੇ ਖਤਰੇ ਵਾਲੀ ਐਲਰਜੀ ਰੀਐਕਸ਼ਨ ਦੀ ਸੰਭਾਵਨਾ ਹੁੰਦੀ ਹੈ, ਜਿਸਨੂੰ ਐਨਾਫਾਇਲੈਕਸਿਸ ਕਿਹਾ ਜਾਂਦਾ ਹੈ। ਇਸ ਨਾਲ ਛਪਾਕੀ, ਸਾਹ ਲੈਣ ਵਿਚ ਤਕਲੀਫ ਜਾਂ ਗਲੇ, ਜੀਭ ਜਾਂ ਬੁੱਲ੍ਹਾਂ ਦੀ ਸੋਜ ਹੋ ਸਕਦੀ ਹੈ। ਜੇਕਰ ਇੰਜ ਤੁਹਾਡੇ ਕਲੀਨਿਕ ਵਿਚੋਂ ਨਿਕਲ ਆਉਣ ਤੋਂ ਮਗਰੋਂ ਹੁੰਦਾ ਹੈ ਤਾਂ 911 ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਫੋਨ ਕਰੋ। ਇਸ ਰੀਐਕਸ਼ਨ ਦਾ ਇਲਾਜ ਹੋ ਸਕਦਾ ਹੈ ਅਤੇ ਇਹ ਵੈਕਸੀਨ ਲੈਣ ਵਾਲੇ ਇਕ ਮਿਲੀਅਨ ਲੋਕਾਂ ਵਿਚੋਂ ਇਕ ਤੋਂ ਵੀ ਘੱਟ ਜਣੇ ਨੂੰ ਹੁੰਦਾ ਹੈ।

**ਗੰਭੀਰ ਜਾਂ ਅਚਨਚੇਤ ਰੀਐਕਸ਼ਨਾਂ ਦੀ ਰਿਪੋਰਟ ਆਪਣੇ ਪਬਲਿਕ ਹੈਲਥ ਨਰਸ ਜਾਂ ਡਾਕਟਰ ਨੂੰ ਕਰੋ।**

## Td ਵੈਕਸੀਨ ਕਿਸ ਨੂੰ ਨਹੀਂ ਲਵਾਉਂਣਾ ਚਾਹੀਦਾ?

ਜੇਕਰ ਤੁਹਾਨੂੰ ਟੈਟਨਸ ਜਾਂ ਡਿਫਥੇਰੀਆ ਵੈਕਸੀਨ ਜਾਂ ਵੈਕਸੀਨ ਵਿਚਲੀ ਕਿਸੇ ਚੀਜ਼ ਦੀ ਕਿਸੇ ਪਹਿਲਾਂ ਦਿੱਤੀ ਖੁਰਾਕ ਨਾਲ ਜਾਨ ਦੇ ਖਤਰੇ ਵਾਲਾ ਰੀਐਕਸ਼ਨ ਹੋਇਆ ਹੋਵੇ ਤਾਂ ਕਿਸੇ ਪਬਲਿਕ ਹੈਲਥ ਨਰਸ ਜਾਂ ਡਾਕਟਰ ਨਾਲ ਗੱਲ ਕਰੋ।

ਜਿਨ੍ਹਾਂ ਲੋਕਾਂ 'ਚ ਟੈਟਨਸ ਵੈਕਸੀਨ ਲੈਣ ਤੋਂ 8 ਹਫਤਿਆਂ ਦੇ ਅੰਦਰ ਅੰਦਰ ਗੁਇਲੇਨ-ਬਾਰੀ ਸਿੰਡਰੋਮ (GBS) ਵਿਕਸਤ ਹੋ ਗਿਆ ਹੋਵੇ ਉਨ੍ਹਾਂ ਨੂੰ Td ਵੈਕਸੀਨ ਨਹੀਂ ਲਵਾਉਣਾ ਚਾਹੀਦਾ। GBS ਇਕ ਬਹੁਤ ਘੱਟ ਹੋਣ ਵਾਲੀ ਸਮੱਸਿਆ ਹੈ, ਜਿਸਦਾ ਨਤੀਜਾ ਕਮਜ਼ੋਰੀ ਅਤੇ ਸਰੀਰ ਦੇ ਤੰਤੂਆਂ ਦਾ ਲਕਵਾ ਹੋ ਸਕਦਾ ਹੈ।

## ਟੈਟਨਸ ਅਤੇ ਡਿਫਥੇਰੀਆ ਕੀ ਹਨ?

**ਟੈਟਨਸ**, ਜਿਸ ਨੂੰ 'ਲੌਕਜਾਅ' ਵੀ ਆਖਦੇ ਹਨ, ਇਕ ਜਰਮ (ਬੈਕਟੀਰੀਆ) ਕਾਰਨ ਹੁੰਦੀ ਹੈ ਜਿਹੜਾ ਬਹੁਤਾ ਕਰਕੇ ਮਿੱਟੀ 'ਚ ਪਾਇਆ ਜਾਂਦਾ ਹੈ। 'ਜਦੋਂ ਕੱਟੇ ਜਾਣ ਜਾਂ ਰਗੜ ਲੱਗਣ ਰਾਹੀਂ ਬੈਕਟੀਰੀਆ ਚਮੜੀ ਦੇ ਅੰਦਰ ਦਾਖਲ ਹੋ ਜਾਂਦੇ ਹਨ ਤਾਂ ਉਹ ਇਕ ਜ਼ਹਿਰ ਪੈਦਾ ਕਰਦੇ ਹਨ ਜਿਹੜੀ ਪੂਰੇ ਸਰੀਰ ਦੇ ਤੰਤੂਆਂ 'ਚ ਦਰਦਨਾਕ ਅਕੜਾਅ ਪੈਦਾ ਕਰ ਸਕਦੀ ਹੈ। ਇਹ ਬਹੁਤ ਗੰਭੀਰ ਹੈ, ਜੇਕਰ ਸਾਹ ਵਾਲੇ ਤੰਤੂ ਪ੍ਰਭਾਵਤ ਹੋ ਜਾਂਦੇ ਹਨ। 10 ਲੋਕਾਂ 'ਚੋਂ ਜਿੰਨ੍ਹਾਂ ਨੂੰ ਟੈਟਨਸ ਹੁੰਦੀ ਹੈ, 2 ਤੱਕ ਲੋਕ ਮਰ ਜਾਣਗੇ।

**ਡਿਫਥੇਰੀਆ** ਨੱਕ ਅਤੇ ਗਲੇ ਦੀ ਇਕ ਗੰਭੀਰ ਇਨਫੈਕਸ਼ਨ ਹੈ। ਜਰਮ (ਬੈਕਟੀਰੀਆ) ਵਿਅਕਤੀ ਦੇ ਛਿੱਕਣ ਜਾਂ ਖੰਘਣ ਨਾਲ ਹਵਾ 'ਚ ਰਲਣ ਦੁਆਰਾ ਅਤੇ ਚਮੜੀ ਦੇ ਚਮੜੀ ਨਾਲ ਸਿੱਧੇ ਸੰਪਰਕ ਦੁਆਰਾ ਫੈਲਦੇ ਹਨ ਬੀਮਾਰੀ ਦੇ ਨਤੀਜੇ ਵਜੋਂ ਸਾਹ ਦੀਆਂ ਬਹੁਤ ਗੰਭੀਰ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਨਾਲ ਦਿਲ ਫੇਲ ਵੀ ਹੋ ਸਕਦਾ ਹੈ ਅਤੇ ਲਕਵਾ ਵੀ ਹੋ ਸਕਦਾ ਹੈ।10 ਲੋਕਾਂ 'ਚੋਂ ਜਿਨ੍ਹਾਂ ਨੂੰ ਡਿਫਥੇਰੀਆ ਹੁੰਦਾ ਹੈ, ਤਕਰੀਬਨ 1 ਮਰ ਜਾਵੇਗਾ।

ਇਹ ਬੀਮਾਰੀਆਂ ਬਚਪਨ ਵੇਲੇ ਦੇ ਬਾਕਾਇਦਾ ਵੈਕਸੀਨੇਸ਼ਨ ਪ੍ਰੋਗਰਾਮਾਂ ਕਾਰਨ ਬੀ.ਸੀ. 'ਚ ਹੁਣ ਬਹੁਤ ਘੱਟ ਹੁੰਦੀਆਂ ਹਨ।

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles/index.stm ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca 'ਤੇ ਕਲਿੱਕ ਕਰੋ ਜਾਂ **8-1-1** 'ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ 7-1-1 'ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ 'ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।

BRITISH COLUMBIA The Best Place on Earth | ImmunizeBC

BC Centre for Disease Control
AN AGENCY OF THE PROVINCIAL HEALTH SERVICES AUTHORITY